# ਪਾਣੀ ਵਿੱਚ ਪਤਾਸੇ

ਬਾਲ ਗੀਤ

-ਲੇਖਕ-
ਡਾ. ਜਸਵੰਤ ਸਿੰਘ ਨੇਕੀ

-ਚਿਤ੍ਰਕਾਰ-
ਸੀ. ਡੀ. ਸਿੰਘ ਅਤੇ ਭੀਮਸੇਲ



ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110 001


www.sikhbookclub.com

Pani Wich Patase

Dr. J.S.Neki

ISBN : 978-93-80854-82-3

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀ ਦਿੱਲੀ


ਪਹਿਲੀ ਐਡੀਸ਼ਨ, 2092
ਦੂਜੀ ਐਡੀਨਿ, ਨਵੰਬਰ 2011

ਪ੍ਰਕਾਸ਼ਕ :
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

***Printer***
Focus Impressions
1770, Kotla Mubarkpur
New Delhi - 110 003

ਮੁੱਲ : 70/- ਰੁਪਏ

 www.sikhbookclub.com



ਪੰਛੀਆਂ ਦੀ ਉੱਡੀ ਇਕ ਡਾਰ।
ਪਹੁੰਚੀ ਅਸਮਾਨਾਂ ਵਿਚਕਾਰ।

ਇਕ ਪੰਛੀ ਸੀ ਭੁਖਾ ਭਾਣਾ,
ਰਹਿ ਗਿਆ ਪਿੱਛੇ ਚੁਗਦਾ ਦਾਣਾ।

ਪਰਤ ਆਈ ਅਸਮਾਨੋਂ ਡਾਰ,
ਲੈ ਗਈ ਉਸ ਨੂੰ ਨਾਲ ਉਡਾਰ।


ਇਕ ਸੀ ਕੁੱਕੜ, ਇਕ ਸੀ ਕੁਕੜੀ।
ਕੁਕੜੀ ਸੀ ਕੁਝ ਸੁਕੜੀ ਸੁਕੜੀ।

ਕੁੱਕੜ ਸੀ ਕੁਝ ਮੋਟਾ ਮੋਟਾ।
ਕੁਕੜੀ ਦਾ ਅੰਡਾ ਸੀ ਛੋਟਾ।

ਕੁੱਕੜ ਵੇਖੇ ਅੰਡੇ ਨੂੰ,
ਨਾਲੇ ਬੋਲੇ 'ਕੁਕੜੂੰ ਘੂੰ'।




ਪਾਣੀ ਵਿਚ ਪਤਾਸੇ-
ਨਿੱਕੇ ਨਿੱਕੇ ਬੋਲ ਅਸਾਡੇ,
ਨੰਨ੍ਹੇ ਨੰਨ੍ਹੇ ਹਾਸੇ।
ਵੱਡੀਆਂ ਗੱਲਾਂ ਵੱਡੇ ਜਾਣਨ,
ਅਸੀਂ ਤਾਂ ਰਹੀਏ ਪਾਸੇ।



ਇਕ ਸਰਵਰ ਪਾਣੀ ਦਾ ਭਰਿਆ।
ਪਾਣੀ ਤੇ ਇਕ ਪੰਛੀ ਤਰਿਆ।

ਪੰਛੀ, ਪੱਛੀ, ਚੁੰਝ ਡੁਬੋ।
ਮੱਛੀ ਫੜ ਕੇ ਉੱਡਦਾ ਹੋ!





ਸਾਡੇ ਘਰ ਇਕ ਚੂਹਾ ਆਂਦਾ।
ਕਪੜਾ, ਚਮੜਾ ਸਭ ਟੁੱਕ ਜਾਂਦਾ।
ਬੂਟ ਮੇਰੇ ਵਿਚ ਕਰ ਗਿਆ ਮੋਰੀ।
ਚੁਕ ਚੁਕ ਦਾਣੇ ਲੈ ਗਿਆ ਚੋਰੀ।

ਤਦ ਸਾਡੇ ਇਕ ਬਿੱਲੀ ਆਈ।
ਮੈਂ ਉਨ ਅੱਧੀ ਰੋਟੀ ਪਾਈ।
ਰਾਤੀ ਉਸ ਨੇ ਤਕ ਲਿਆ ਚੂਹਾ,
ਫਿਰ ਉਹ ਟੱਪ ਨ ਸਕਿਆ ਬੂਹਾ।

ਹੱਥਾਂ ਕਦੇ ਨ ਫੜ ਕੇ ਵੇਖੀ,
ਅੱਖਾਂ ਨਹੀਂ ਪਛਾਣੀ।

ਪਰ ਜਦ ਬਿਰਛਾਂ ਵਿਚੋਂ ਲੰਘੀ,
ਕੁਲ ਦੁਨੀਆਂ ਨੇ ਜਾਣੀ।





ਪੱਤੇ ਕਿਰੇ ਪਈ ਜਦ ਠੰਢ।
ਬਿਰਖ ਵਿਚਾਰੇ ਹੋ ਗਏ ਨੰਗ।


ਠੰਢ ਗਿਆਂ ਪੱਤੇ ਉੱਗ ਪੌਦੇ,
ਬਿਰਖ ਪੁਸ਼ਾਕਾਂ ਪਹਿਨ ਖਲੋਂਦੇ।




 www.sikhbookclub.com

ਚੰਨ ਤੋਂ ਜਣਾ ਹੇਠ ਇਕ ਲੱਥਾ,
ਰਾਹ ਪੁੱਛੇ ਪਟਿਆਲੇ ਦਾ।

ਅੱਗੇ ਗਿਆ, ਤਾਂ ਰਾਹ ਭੁਲ ਗਿਆ,
ਤੇ ਆ ਗਿਆ ਸ਼ਹਿਰ ਅੰਬਾਲੇ ਦਾ।






ਕੀਕਣ ਭੌਂਕ ਰਿਹਾ ਏ ਕੁੱਤਾ?
ਘਰ ਵਿਚ ਕੋਈ ਨਹੀ ਅੱਜ ਸੁੱਤਾ।

ਕੁੱਤਿਆ, ਕੁੱਤਿਆ! ਚੁਪ ਕਰ ਜਾ,
ਅਸੀਂ ਵੀ ਲਈਏ ਅੱਖ ਲਗਾ।

ਠੱਕ, ਠਕਾ ਠੱਕ ਹੋਈ ਬਾਹਰ-
ਕਿਨ ਸਾਡਾ ਖੜਕਾਇਆ ਬਾਰ ?

ਸੰਗ ਨ ਯਾਰਾ ਲੰਘ ਵੀ ਆ,
ਖੁੱਲਾ ਬੂਹਾ ਨ ਖੜਕਾ।




ਖੁੱਲਾ ਵੇਖ ਅਸਾਡਾ ਬੂਹਾ,
ਇਕ ਮੋਟਾ ਤੇ ਮਧਰਾ ਚੂਹਾ।


ਅੰਦਰ ਸਾਡੇ ਵੜਿਅ ਆ,
ਭੈਣ ਮੇਰੀ ਨੂੰ ਗਿਆ ਡਰਾ।



ਰੁਲਦੂ, ਖੁਲਦੂ ਦੋਏ ਭਰਾ।
ਕੋਠੇ ਉੱਪਰ ਬੈਠੇ ਜਾ।
ਰੁਲਦੂ ਓਥੋਂ ਤਿਲਕ ਪਿਆ-
ਹੇਠ ਗਲੀ ਵਿਚ ਢੱਠਾ ਆ।
ਸਾਰੇ ਪਿੰਡ ਲਗਾਇਆ ਵਾਹ,
ਰੁਲਦੂ ਨੂੰ ਨਾ ਸਕੇ ਬਚਾ।



ਕਿਹਾ ਗੁਲਾਬ
ਮੋਤੀਏ ਭਾਈ:
'ਤੂੰ ਯਾਰਾ
ਅੱਜ ਸਾਡੇ ਆਈ!'
ਕਿਹਾ ਮੋਤੀਏ
'ਕੀਕਣ ਆਈਏ?-
ਤੂੰ ਕੰਡਿਆਂ ਦੀ
ਵਾੜ ਲਗਾਈ ਏ!




ਲੰਮ ਸਲੰਮੀ ਸੁੰਡ ਹਾਥੀ ਦੀ,
ਤਿੱਖੇ ਤਿੱਖੇ ਦੰਦ ਹਾਥੀ ਦੇ।


ਪੱਖੇ ਵਰਗੇ ਕੰਨ ਹਾਥੀ ਦੇ।
ਲੱਤਾਂ, ਜੀਕਣ ਥੰਮ ਹਾਥੀ ਦੇ।

ਬੰਟੇ ਜੇਡੀ ਅੱਖ ਹਾਥੀ ਦੀ।
ਪਰਬਤ ਜੇਡੀ ਦੱਖ ਹਾਥੀ ਦੀ।

ਘਾਸ ਖਾਏ ਇਹ, ਮਾਸ ਨ ਖਾਏ,
ਕਿੱਥੋਂ ਏਨਾ ਮਾਸ ਉਗਾਏ ?



ਕਿੱਲੇ ਉਤੇ ਬੱਝੀ ਗਾਂ।
ਗਾਂ ਦੀ ਪਿੱਠ ਤੇ ਬੈਠਾ ਕਾਂ।
ਗਾਂ ਦੇ ਮੂੰਹ ਵਿਚ ਸੁੱਕੀ ਰੋਟੀ,
ਕਾਂ ਦੀ ਚੁੰਝ ਮਾਸ ਦੀ ਬੋਟੀ।
ਰੋਟੀ ਖਾ ਕੇ ਪੈ ਗਈ ਗਾਂ।
ਬੋਟੀ ਖਾ ਕੇ ਉੱਡ ਗਿਆ



ਅੰਬ ਦੇ ਰੁਖ ਤੇ ਚੜ੍ਹੀ ਗੁਲਹਿਰੀ,
ਉਪਰੋਂ ਵੇਖੇ ਥੱਲੇ।
ਉਹ ਤਾਂ ਨੱਚੀ ਟਹਿਣੀ ਟਹਿਣੀ,
ਆਪਾਂ ਹੇਠਾਂ ਖੱਲੇ।




ਕਲ ਰਾਤੀ ਅਸਾਂ ਲੋਹੜੀ ਬਾਲੀ।
ਫੁੱਲੀਆਂ ਦੀ ਲੈ ਆਏ ਥਾਲੀ।


ਅੱਗ ਵਿਚ ਪਾਏ ਅਸਾਂ ਜਦ ਫੁੱਲੇ-
ਭਾਭੜ ਹੋਰ ਉਚੇਰੇ ਹੁੱਲੇ।



ਤਿੰਨ ਰੰਗ ਮੇਰੇ ਸਾਫ਼ੇ ਦੇ,
ਤੇ ਪੰਜ ਰੰਗ ਮੇਰੀ ਚੋਲੀ ਦੇ,

ਸਤ ਰੰਗ ਮੇਰੀ ਚਾਦਰ ਦੇ,
ਇਹ ਸਭ ਰੰਗ ਇੱਕੋ ਹੋਲੀ ਦੇ






ਚੁਹਕੀ ਚਿੜੀ ਸਵੇਰੇ,
ਆ ਕੇ ਸਾਡੇ ਵਿਹੜੇ।

ਝਾਤ ਅਸਾਂ ਜੋ ਮਾਰੀ,
ਡਰ ਗਈ ਚਿੜੀ ਵਿਚਾਰੀ।


ਕਲ ਧੋਬੀ ਸਾਡੇ ਆਇਆ,
ਉਸ ਪਿੱਠ ਤੋਂ ਬੁਚਕਾ ਲਾਹਿਆ।

ਸਨ ਹੋਰ ਤਾਂ ਕਪੜੇ ਸੱਭੇ,
ਇਕ ਸਾਫ਼ਾ ਅਸਾਂ ਨ ਲੱਭੇ।

ਧੋਬੀ ਕੀ ਦੱਸਦਾ, ਮੋਇਆ,
ਉਨ ਆਪ ਸੀ ਬੰਨ੍ਹਿਆ ਹੋਇਆ।




ਦੋ ਆੜੀ ਜਾ ਚੜ੍ਹੇ ਪਹਾੜੀ,
ਇਕ ਸਾਉਲਾ, ਇਕ ਬੱਗਾ।
ਸਾਉਲਾ ਢੱਠਾ, ਭੱਜ ਗਿਆ ਮੱਥਾ,
ਬੱਗਾ ਡੁਸਕਣ ਲੱਗਾ।



ਅੱਲੜ ਬੱਲੜ ਬਾਵੇ ਦਾ।
ਬਾਵਾ ਕਣਕ ਲਿਆਵੇ ਗਾ?


ਕੰਮ ਨਿਕੰਮਾ ਕਰਦਾ ਨਾ।
ਪਾਣੀ ਤਕ ਤਾਂ ਭਰਦਾ ਨਾ।

ਕੀ ਖੱਟੇ, ਕੀ ਖਾਵੇ ਗਾ?
ਸ਼ਾਮ ਪਿਆਂ ਪਛਤਾਵੇ ਗਾ।




ਨਦੀ ਕਿਨਾਰੇ ਮੈਂ ਖੜਾ,
ਨਦੀ ਮਚਾਵੇ ਸ਼ੋਰ।

ਨਦੀ ਤਾਂ ਭਾਵੇਂ ਨਿੱਕੜੀ,
ਪਾਣੀ ਜ਼ੋਰੋ ਜ਼ੋਰ।



ਕਿਥੇ ਗਿਆ, ਮੇਰਾ ਪਿੱਦੂ ਕਤੂਰਾ, ਕਿੱਥੇ ਗਿਆ?
ਕਿਥੇ ਗਿਆ ਦੁਮ-ਛੱਲੇ ਵਾਲਾ?

ਕਿੱਥੇ ਗਿਆ ਕੰਨ ਖੱਲੇ ਵਾਲਾ?
ਕਿੱਥੇ ਗਿਆ, ਜੋ ਰੰਗ ਦਾ ਭੂਰਾ, ਕਿੱਥੇ ਗਿਆ?





ਹਲਕੀ ਹਲਕੀ ਧੁੱਪ ਜਾਂ ਨਿਕਲੀ,
ਫੁੱਲ ਖਿੜੇ ਤੇ ਆ ਗਈ ਤਿਤਲੀ।

ਤਿੱਖੀ ਧੁੱਪ ਵਿਚ ਫੁੱਲ ਕੁਮਲਾਏ,
ਦੱਸੋ ਤਿਤਲੀ ਕਿੱਧਰ ਜਾਏ?



ਜਗਮਗ ਹਰ ਕੋਠੇ, ਹਰ ਵਿਹੜੇ,
ਹਰ ਬੂਟੇ ਹਰ ਡਾਲੀ ਤੇ।
ਜਗਮਗ ਹਰ ਬੂਹੇ, ਹਰ ਬਾਰੀ,
ਹਰ ਖਿੜਕੀ, ਹਰ ਜਾਲੀ ਤੇ।

ਜਗਮਗ ਹਰ ਚੌਂਕੇ, ਹਰ ਚੂਨੇ,
ਪੂਜਾ ਦੀ ਹਰ ਥਾਲੀ ਤੇ।
ਜਗਮਗ ਜਗਮਗ ਚਾਰੇ ਪਾਸੇ,
ਦੀਵੇ ਨੀ ਦੀਵਾਲੀ ਦੇ।

